# ਸ਼ਿਕਾਇਤ ਫਾਰਮ

www.ibac.vic.gov.au

ਇਹ ਫਾਰਮ ਤੁਹਾਡੀ ਸ਼ਿਕਾਇਤ ਬਾਰੇ ਮਹੱਤਵਪੂਰਣ ਪ੍ਰਸ਼ਨ ਪੁੱਛਦਾ ਹੈ। ਤੁਹਾਡੀ ਜਾਣਕਾਰੀ ਸਾਨੂੰ ਇਹ ਫ਼ੈਸਲਾ ਲੈਣ ਵਿੱਚ ਸਹਾਇਤਾ ਕਰਦੀ ਹੈ ਕਿ ਕੀ ਜਵਾਬੀ ਕਾਰਵਾਈ ਕਰਨ ਦੀ ਜ਼ਰੂਰਤ ਹੈ, ਪਰ ਇਹ ਜਨਤਕ ਖੇਤਰ ਵਿੱਚ ਵਿਆਪਕ ਮੁੱਦਿਆਂ ਅਤੇ ਭ੍ਰਿਸ਼ਟਾਚਾਰ ਅਤੇ ਦੁਰਵਿਵਹਾਰ ਦੇ ਖਤਰਿਆਂ ਨੂੰ ਖੋਜਣ ਵਿੱਚ ਵੀ ਸਹਾਇਤਾ ਕਰਦੀ ਹੈ। ਜੇ ਸਾਨੂੰ ਵਧੇਰੇ ਜਾਣਕਾਰੀ ਦੀ ਜਰੂਰਤ ਹੋਵੇਗੀ, ਤਾਂ ਅਸੀਂ ਤੁਹਾਡੇ ਨਾਲ ਸੰਪਰਕ ਕਰਾਂਗੇ।

## ਸ਼ਿਕਾਇਤ ਕਰਨ ਤੋਂ ਪਹਿਲਾਂ

- IBAC ਕਿਸ ਦੀ ਜਾਂਚ ਕਰ ਸਕਦਾ ਹੈ ਅਤੇ ਕਿਸ ਦੀ ਨਹੀਂ, ਇਸਨੂੰ ਸਮਝੋ ਅਤੇ ਪਤਾ ਕਰੋ ਕਿ ਕੀ ਅਸੀਂ ਵਿਕਟੋਰੀਆ ਵਿੱਚ ਤੁਹਾਡੀ ਚਿੰਤਾਵਾਂ ਸੰਬੰਧੀ ਸੰਪਰਕ ਕਰਨ ਲਈ ਸਹੀ ਏਜੰਸੀ ਹਾਂ।
- ਤੁਸੀਂ ਕਿਸ ਵਿਅਕਤੀ ਅਤੇ ਕਿਸ ਚੀਜ਼ ਬਾਰੇ ਸ਼ਿਕਾਇਤ ਕਰ ਰਹੇ ਹੋ ਇਸ ਬਾਰੇ ਸਪੱਸ਼ਟ ਹੋਵੋ।
- ਆਪਣੇ ਗੁਪਤਤਾ ਵਿਕਲਪਾਂ ਅਤੇ ਤੁਹਾਡੀ ਸ਼ਿਕਾਇਤ ਦਾ ਕੀ ਹੁੰਦਾ ਹੈ ਇਸ ਬਾਰੇ ਸਮਝੋ।
- ਜੇ ਤੁਸੀਂ ਪਹਿਲਾਂ ਹੀ ਕਿਸੇ ਹੋਰ ਏਜੰਸੀ ਨੂੰ ਸ਼ਿਕਾਇਤ ਕਰ ਚੁੱਕੇ ਹੋ, ਤਾਂ ਕਿਰਪਾ ਕਰਕੇ ਉਸ ਸ਼ਿਕਾਇਤ ਦੇ ਵੇਰਵੇ ਪ੍ਰਦਾਨ ਕਰੋ।
- ਜੇ ਤੁਸੀਂ ਕਿਸੇ ਹੋਰ ਵਿਅਕਤੀ ਦੀ ਤਰਫੋਂ ਸ਼ਿਕਾਇਤ ਕਰ ਰਹੇ ਹੋ, ਤਾਂ ਇਸ ਫਾਰਮ ਨੂੰ ਭਰਨ ਤੋਂ ਪਹਿਲਾਂ ਤੁਹਾਡੇ ਕੋਲ **ਲਾਜ਼ਮੀ ਤੌਰ 'ਤੇ** ਉਨ੍ਹਾਂ ਦੀ ਲਿਖਤੀ ਸਹਿਮਤੀ ਹੋਣੀ ਚਾਹੀਦੀ ਹੈ (ਅੰਤਿਕਾ A ਵੇਖੋ)।
- ਕਿਰਪਾ ਕਰਕੇ ਧਿਆਨ ਰੱਖੋ IBAC ਨੂੰ ਗਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਪ੍ਰਦਾਨ ਕਰਨ ਲਈ ਜੁਰਮਾਨੇ ਹਨ।

## ਗੁਪਤਤਾ

IBAC ਤੁਹਾਡੀ ਨਿੱਜੀ ਜਾਣਕਾਰੀ ਨੂੰ ਧਿਆਨ ਨਾਲ ਅਤੇ ਸੰਬੰਧਤ ਕਨੂੰਨ ਦੇ ਅਨੁਸਾਰ ਪ੍ਰਬੰਧਿਤ ਕਰਦਾ ਹੈ। ਜੇ ਤੁਸੀਂ ਕੋਈ ਸ਼ਿਕਾਇਤ ਕਰਦੇ ਹੋ ਅਤੇ IBAC ਤੁਹਾਡੀ ਸ਼ਿਕਾਇਤ ਨੂੰ ਕਿਸੇ ਹੋਰ ਏਜੰਸੀ ਕੋਲ ਭੇਜਣਾ ਦਾ ਨਿਰਣਾ ਕਰਦਾ ਹੈ, ਤਾਂ ਜਿਹੜੀ ਜਾਣਕਾਰੀ ਤੁਸੀਂ IBAC ਨੂੰ ਪ੍ਰਦਾਨ ਕਰਦੇ ਹੋ, ਤੁਹਾਡੀ ਨਿੱਜੀ ਜਾਣਕਾਰੀ ਸਮੇਤ, ਤੁਹਾਡੀ ਸ਼ਿਕਾਇਤ ਨੂੰ ਹੱਲ ਕਰਨ ਦੇ ਉਦੇਸ਼ਾਂ ਲਈ ਉਸ ਏਜੰਸੀ ਨੂੰ ਭੇਜੀ ਜਾਏਗੀ।

ਇਸ ਬਾਰੇ ਵਧੇਰੇ ਜਾਣਕਾਰੀ ਲਈ ਕਿ IBAC ਤੁਹਾਡੀ ਨਿੱਜੀ ਜਾਣਕਾਰੀ ਨੂੰ ਕਿਵੇਂ ਸੰਭਾਲਦਾ ਹੈ, ਕਿਰਪਾ ਕਰਕੇ ਸਾਡੀ ਵੈੱਬਸਾਈਟ www.ibac.vic.gov.au ਦਾ 'ਤੁਹਾਡੀ ਗੁਪਤਤਾ' ਭਾਗ ਪੜ੍ਹੋ।

## ਇਸ ਫਾਰਮ ਨੂੰ ਕਿਵੇਂ ਭਰਨਾ ਹੈ

- ਕਿਰਪਾ ਕਰਕੇ ਕਾਲੇ ਜਾਂ ਨੀਲੇ ਪੈੱਨ ਦੀ ਵਰਤੋਂ ਕਰਦਿਆਂ ਸਾਫ਼-ਸਾਫ਼ ਲਿਖੋ।
- ਹਰ ਪ੍ਰਸ਼ਨ ਨੂੰ ਧਿਆਨ ਨਾਲ ਪੜ੍ਹੋ।
- ਆਪਣੀ ਸ਼ਿਕਾਇਤ ਵਿਚ ਦਿੱਤੀ ਜਾਣਕਾਰੀ ਦੇ ਸਮਰਥਨ ਵਿੱਚ ਕਿਸੇ ਵੀ ਦਸਤਾਵੇਜ਼ਾਂ ਦੀਆਂ ਨਕਲਾਂ ਪ੍ਰਦਾਨ ਕਰੋ। ਕ੍ਰਿਪਾ ਕਰਕੇ ਅਸਲੀ ਪ੍ਰਦਾਨ ਨਾ ਕਰੋ।

## ਇਸ ਫਾਰਮ ਨੂੰ ਇੱਥੇ ਭੇਜੋ:

| | |
|---|---|
| ਡਾਕ ਪਤਾ | GPO Box 24234 Melbourne Vic 3001 |
| ਈ-ਮੇਲ | info@ibac.vic.gov.au |
| ਫੈਕਸ | (03) 8635 6444 |

## ਮਦਦ ਦੀ ਲੋੜ ਹੈ?

ਜੇ ਤੁਹਾਨੂੰ ਇਸ ਫਾਰਮ ਨੂੰ ਭਰਨ ਵਿਚ ਸਹਾਇਤਾ ਦੀ ਜ਼ਰੂਰਤ ਹੈ, ਕਿਰਪਾ ਕਰਕੇ ਸਾਨੂੰ **1300 735 135** 'ਤੇ ਫ਼ੋਨ ਕਰੋ।

## ਬੋਲ਼ੇ, ਸੁਣਨ ਜਾਂ ਬੋਲਣ ਤੋਂ ਅਸਮਰੱਥ ਲੋਕਾਂ ਲਈ ਸੇਵਾਵਾਂ

- TTY ਵਰਤਣ ਵਾਲੇ 1800 555 677 ਨੂੰ ਫ਼ੋਨ ਕਰਨ ਅਤੇ ਫਿਰ 1300 735 135 'ਤੇ ਗੱਲ ਕਰਵਾਉਣ ਲਈ ਕਹਿਣ।
- ਸਪੀਕ ਐਂਡ ਲਿਸਨ ਵਰਤਣ ਵਾਲੇ 1800 555 727 'ਤੇ ਫ਼ੋਨ ਕਰਨ ਅਤੇ ਫਿਰ 1300 735 135 'ਤੇ ਗੱਲ ਕਰਵਾਉਣ ਲਈ ਕਹਿਣ।
- ਇੰਟਰਨੈੱਟ ਰੀਲੇਅ ਵਰਤਣ ਵਾਲੇ ਰਾਸ਼ਟਰੀ ਰਿਲੇਅ ਸੇਵਾ ਨਾਲ ਜੁੜਨ ਅਤੇ ਫਿਰ 1300 735 135 ਦੀ ਮੰਗ ਕਰਨ।

## ਉਹਨਾਂ ਲੋਕਾਂ ਲਈ ਸੇਵਾਵਾਂ ਜਿਨ੍ਹਾਂ ਨੂੰ ਦੁਭਾਸ਼ੀਏ ਜਾਂ ਅਨੁਵਾਦਾਂ ਦੀ ਜ਼ਰੂਰਤ ਹੁੰਦੀ ਹੈ

ਇਹ ਫਾਰਮ ਸਾਡੀ ਵੈੱਬਸਾਈਟ www.ibac.vic.gov.au/yourlanguage 'ਤੇ 20 ਤੋਂ ਵੱਧ ਭਾਸ਼ਾਵਾਂ ਵਿੱਚ ਉਪਲਬਧ ਹੈ।

ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS) ਕੋਲ 120 ਤੋਂ ਵੱਧ ਭਾਸ਼ਾਵਾਂ ਅਤੇ ਉਪਭਾਸ਼ਾਵਾਂ ਵਿੱਚ ਦੁਭਾਸ਼ੀਏ ਹਨ।

ਇਸ ਸੇਵਾ ਦੀ ਵਰਤੋਂ ਕਰਨ ਲਈ ਕਿਰਪਾ ਕਰਕੇ ਫ਼ੋਨ ਕਰੋ:

- IBAC ਨੂੰ 1300 735 135 'ਤੇ, ਜਾਂ
- TIS ਨੂੰ ਸਿੱਧੇ 1300 655 028 'ਤੇ।

## ਹੋਰ ਜਾਣਕਾਰੀ

ਕਿਰਪਾ ਕਰਕੇ ਸਾਡੀ 'ਭ੍ਰਿਸ਼ਟਾਚਾਰ ਅਤੇ ਦੁਰਵਿਵਹਾਰ ਦੀ ਰਿਪੋਰਟ ਕਰਨਾ ਜਾਣਕਾਰੀ ਸ਼ੀਟ' ਪੜ੍ਹੋ ਜੋ www.ibac.vic.gov.au 'ਤੇ ਉਪਲਬਧ ਹੈ।

# ਭਾਗ ਏ - ਤੁਹਾਡੇ ਵੇਰਵੇ

### 1. ਕੀ ਤੁਸੀਂ ਗੁੰਮਨਾਮ ਸ਼ਿਕਾਇਤ ਕਰਨਾ ਚਾਹੁੰਦੇ ਹੋ?

ਤੁਸੀਂ ਗੁੰਮਨਾਮ ਤੌਰ 'ਤੇ ਸ਼ਿਕਾਇਤ ਕਰ ਸਕਦੇ ਹੋ। ਇਸ ਵਿੱਚ IBAC ਤੋਂ ਅਗਿਆਤ ਰਹਿਣਾ ਸ਼ਾਮਲ ਹੈ ਅਤੇ ਇਹ ਸਾਨੂੰ ਵਧੇਰੇ ਜਾਣਕਾਰੀ ਲੈਣ ਲਈ ਤੁਹਾਡੇ ਨਾਲ ਸੰਪਰਕ ਕਰਨ ਜਾਂ ਜੇ ਤੁਸੀਂ ਸਾਡੇ ਨਾਲ ਸੰਪਰਕ ਕਰਦੇ ਹੋ ਤਾਂ ਸ਼ਿਕਾਇਤ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਰੋਕਦਾ ਹੈ।

☐ ਹਾਂ **Q15 'ਤੇ ਜਾਓ** ☐ ਨਹੀਂ **Q2 'ਤੇ ਜਾਓ**

### 2. ਤੁਹਾਡਾ ਨਾਮ

ਦਿੱਤਾ ਗਿਆ ਨਾਮ

ਵਿਚਕਾਰਲਾ ਨਾਮ

ਪਰਿਵਾਰਕ ਨਾਮ (ਉਪਨਾਮ)

### 3. ਕੀ ਤੁਸੀਂ ਇਸ ਮਾਮਲੇ ਬਾਰੇ ਪਹਿਲਾਂ ਹੀ IBAC ਨੂੰ ਸ਼ਿਕਾਇਤ ਕੀਤੀ ਹੋਈ ਹੈ?

☐ ਹਾਂ ☐ ਨਹੀਂ

**ਜੇ ਹਾਂ, ਤਾਂ ਕਿਰਪਾ ਕਰਕੇ ਹੇਠਾਂ ਆਪਣਾ IBAC ਹਵਾਲਾ ਨੰਬਰ ਪ੍ਰਦਾਨ ਕਰੋ ਅਤੇ Q29 'ਤੇ ਜਾਓ**

### 4. ਕੀ ਤੁਹਾਡੀ ਉਮਰ 18 ਸਾਲ ਤੋਂ ਘੱਟ ਹੈ?

☐ ਹਾਂ ☐ ਨਹੀਂ

### 5. ਕੀ ਤੁਸੀਂ ਘਰ ਵਿੱਚ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ ਬੋਲਦੇ ਹੋ?

☐ ਹਾਂ ☐ ਨਹੀਂ

ਜੇ ਹਾਂ, ਤੁਹਾਡੀ ਤਰਜੀਹੀ ਭਾਸ਼ਾ ਕੀ ਹੈ?

**ਕੀ ਤੁਹਾਨੂੰ IBAC ਨਾਲ ਗੱਲਬਾਤ ਕਰਨ ਲਈ ਕਿਸੇ ਦੁਭਾਸ਼ੀਏ ਜਾਂ ਅਨੁਵਾਦਕ ਦੀ ਜ਼ਰੂਰਤ ਹੈ?**

☐ ਹਾਂ ☐ ਨਹੀਂ

### 6. ਕੀ ਤੁਹਾਨੂੰ ਕਿਸੇ ਸੰਚਾਰ ਯੰਤਰ ਦੀ ਜ਼ਰੂਰਤ ਹੈ?

☐ ਹਾਂ ☐ ਨਹੀਂ

ਜੇ ਹਾਂ, ਕਿਰਪਾ ਕਰਕੇ ਲੋੜੀਂਦੇ ਯੰਤਰ ਦਾ ਵਰਣਨ ਕਰੋ:

### 7. ਲਿੰਗ

☐ ਔਰਤ

☐ ਆਦਮੀ

☐ ਸਵੈ-ਵਰਣਨ (ਕਿਰਪਾ ਕਰਕੇ ਦੱਸੋ):

☐ ਦੱਸਣਾ ਪਸੰਦ ਨਹੀਂ ਕਰਦੇ ਹੋ

### 8. ਕੀ ਤੁਸੀਂ ਆਦਿਵਾਸੀ ਜਾਂ ਟੋਰਸ ਸਟਰੇਟ ਆਈਲੈਂਡਰ ਹੋ?

☐ ਨਹੀਂ

☐ ਹਾਂ, ਆਦਿਵਾਸੀ

☐ ਹਾਂ, ਟੋਰਸ ਸਟਰੇਟ ਆਈਲੈਂਡਰ

☐ ਹਾਂ, ਦੋਵੇਂ ਆਦਿਵਾਸੀ ਅਤੇ ਟੋਰਸ ਸਟਰੇਟ ਆਈਲੈਂਡਰ

☐ ਦੱਸਣਾ ਪਸੰਦ ਨਹੀਂ ਕਰਦੇ ਹੋ

### 9. ਸੰਪਰਕ ਵੇਰਵੇ

ਕਿਰਪਾ ਕਰਕੇ ਘੱਟੋ-ਘੱਟ ਕੋਈ ਇੱਕ ਪ੍ਰਦਾਨ ਕਰੋ।

**ਈਮੇਲ ਪਤਾ**

**ਫ਼ੋਨ ਨੰਬਰ**

**ਚਿੱਠੀ-ਪੱਤਰ ਲਈ ਪਤਾ**

| | |
|---|---|
| ਯੂਨਿਟ / ਮਕਾਨ ਨੰਬਰ ਅਤੇ ਗਲੀ ਦਾ ਨਾਮ (or PO Box, RMB, RRB) | |
| ਕਸਬਾ / ਉਪਨਗਰ | |
| ਪੋਸਟਕੋਡ | |
| ਰਾਜ | - |
| ਦੇਸ਼ | |

**ਤੁਹਾਡੇ ਨਾਲ ਸੰਪਰਕ ਕਰਨ ਦਾ ਸਭ ਤੋਂ ਵਧੀਆ ਤਰੀਕਾ ਕੀ ਹੈ?**

☐ ਈਮੇਲ ☐ ਫੋਨ ☐ ਡਾਕ

# ਭਾਗ ਬੀ - ਤੁਹਾਡੀ ਸ਼ਿਕਾਇਤ

**10. ਕੀ ਤੁਸੀਂ ਕਿਸੇ ਹੋਰ ਵਿਅਕਤੀ ਦੀ ਤਰਫੋਂ ਇਹ ਸ਼ਿਕਾਇਤ ਕਰ ਰਹੇ ਹੋ?**

ਤੁਸੀਂ ਕਿਸੇ ਹੋਰ ਵਿਅਕਤੀ ਵੱਲੋਂ ਸ਼ਿਕਾਇਤ ਕਰ ਸਕਦੇ ਹੋ। ਹਾਲਾਂਕਿ, ਤੁਹਾਨੂੰ ਇਹ ਸਾਬਤ ਕਰਨ ਦੀ ਜ਼ਰੂਰਤ ਹੋਏਗੀ ਕਿ ਉਸ ਵਿਅਕਤੀ ਨੂੰ ਤੁਹਾਡੀ ਸ਼ਿਕਾਇਤ ਬਾਰੇ ਪਤਾ ਹੈ ਅਤੇ ਉਸ ਨੇ ਤੁਹਾਨੂੰ ਉਨ੍ਹਾਂ ਲਈ ਕੰਮ ਕਰਨ ਦਾ ਅਧਿਕਾਰ ਦਿੱਤਾ ਹੈ।

☐ ਹਾਂ **Q11 'ਤੇ ਜਾਓ** ☐ ਨਹੀਂ, **Q15 ਤੇ ਜਾਓ**

**11. ਕੀ ਇਹ ਵਿਅਕਤੀ ਜਾਣਦਾ ਹੈ ਕਿ ਤੁਸੀਂ ਉਨ੍ਹਾਂ ਦੇ ਵੱਲੋਂ ਇਹ ਸ਼ਿਕਾਇਤ ਕਰ ਰਹੇ ਹੋ?**

ਜੇ ਤੁਸੀਂ ਕਿਸੇ ਹੋਰ ਵਲੋਂ ਸ਼ਿਕਾਇਤ ਕਰ ਰਹੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਉਨ੍ਹਾਂ ਦੀ ਲਿਖਤੀ ਸਹਿਮਤੀ ਲੈਣੀ ਚਾਹੀਦੀ ਹੈ। IBAC ਸਹਿਮਤੀ ਦੀਆਂ ਸ਼ਰਤਾਂ ਬਾਰੇ ਵਿਚਾਰ ਵਟਾਂਦਰੇ ਲਈ ਸੰਪਰਕ ਕਰੇਗਾ।

☐ ਹਾਂ ☐ ਨਹੀਂ

**12. ਜੇ 10ਵੇਂ ਅਤੇ 11ਵੇਂ ਪ੍ਰਸ਼ਨਾਂ ਦਾ ਜਵਾਬ 'ਹਾਂ' ਹੈ, ਤਾਂ ਕਿਰਪਾ ਕਰਕੇ ਉਸ ਵਿਅਕਤੀ ਦੇ ਵੇਰਵੇ ਪ੍ਰਦਾਨ ਕਰੋ ਜਿਸ ਵਲੋਂ ਤੁਸੀਂ ਇਹ ਸ਼ਿਕਾਇਤ ਕਰ ਰਹੇ ਹੋ।**

**ਦਿੱਤਾ ਗਿਆ ਨਾਮ**

**ਵਿਚਕਾਰਲਾ ਨਾਮ**

**ਪਰਿਵਾਰਕ ਨਾਮ (ਉਪਨਾਮ)**

ਕਿਰਪਾ ਕਰਕੇ ਘੱਟੋ-ਘੱਟ ਕੋਈ ਇੱਕ ਪ੍ਰਦਾਨ ਕਰੋ।

**ਈਮੇਲ ਪਤਾ**

**ਫ਼ੋਨ ਨੰਬਰ**

**ਚਿੱਠੀ-ਪੱਤਰ ਲਈ ਪਤਾ**

| | |
|---|---|
| ਯੂਨਿਟ / ਮਕਾਨ ਨੰਬਰ ਅਤੇ ਗਲੀ ਦਾ ਨਾਮ(or PO Box, RMB, RRB) | |
| ਕਸਬਾ / ਉਪਨਗਰ | |
| ਪੋਸਟਕੋਡ | |
| ਰਾਜ | - |

ਦੇਸ਼

**13. ਸ਼ਿਕਾਇਤਕਰਤਾ ਨਾਲ ਤੁਹਾਡਾ ਕੀ ਸੰਬੰਧ ਹੈ?**

☐ ਕਾਨੂੰਨੀ ਸਰਪ੍ਰਸਤ

☐ ਪਰਿਵਾਰਕ ਮੈਂਬਰ, ਦੋਸਤ ਜਾਂ ਸਹਿਯੋਗੀ

☐ ਰਸਮੀ ਐਡਵੋਕੇਟ (ਭਾਵ ਵਕੀਲ, ਸਮਾਜ ਸੇਵਕ, ਆਦਿ)

☐ ਸਹਿਕਰਮੀ

☐ ਹੋਰ (ਕਿਰਪਾ ਕਰਕੇ ਦੱਸੋ):

**14. ਕਿਰਪਾ ਕਰਕੇ ਦੱਸੋ ਕਿ ਤੁਸੀਂ ਇਹ ਸ਼ਿਕਾਇਤ ਕਿਸੇ ਹੋਰ ਵਿਅਕਤੀ ਲਈ ਕਿਉਂ ਕਰ ਰਹੇ ਹੋ।**

**15. ਤੁਸੀਂ ਵਿਕਟੋਰੀਆ ਦੇ ਕਿਸ ਸਰਕਾਰੀ ਦਫ਼ਤਰ ਜਾਂ ਸੰਸਥਾ ਬਾਰੇ ਸ਼ਿਕਾਇਤ ਕਰ ਰਹੇ ਹੋ?**

☐ ਵਿਕਟੋਰੀਆ ਪੁਲਿਸ (ਪ੍ਰੋਟੈਕਟਿਵ ਸਰਵਿਸ ਅਧਿਕਾਰੀ, ਪੁਲਿਸ ਅਧਿਕਾਰੀ, ਹਿਰਾਸਤ ਅਧਿਕਾਰੀ, ਭਰਤੀ ਅਤੇ ਕਰਮਚਾਰੀਆਂ ਸਮੇਤ)

☐ ਸੰਸਦ ਮੈਂਬਰ

☐ ਰਾਜ ਸਰਕਾਰ ਦਾ ਵਿਭਾਗ / ਏਜੰਸੀ

☐ ਜੱਜ ਜਾਂ ਮੈਜਿਸਟਰੇਟ

☐ ਕੌਂਸਲ

☐ ਪਬਲਿਕ ਹਸਪਤਾਲ

☐ ਸਰਕਾਰੀ ਪ੍ਰਾਇਮਰੀ ਜਾਂ ਸੈਕੰਡਰੀ ਸਕੂਲ

☐ ਕੋਈ ਹੋਰ (ਕਿਰਪਾ ਕਰਕੇ ਦੱਸੋ):

| |
|---|
| |

**16. ਕੀ ਤੁਸੀਂ ਇਸ ਮਾਮਲੇ ਬਾਰੇ ਪਹਿਲਾਂ ਕਿਸੇ ਹੋਰ ਏਜੰਸੀ ਨੂੰ ਵੀ ਸ਼ਿਕਾਇਤ ਕੀਤੀ ਹੈ?**

☐ ਹਾਂ **Q17 'ਤੇ ਜਾਓ** ☐ ਨਹੀਂ, **Q 18' ਤੇ ਜਾਓ**

**17. ਤੁਸੀਂ ਕਿਸ ਏਜੰਸੀ ਨੂੰ ਸ਼ਿਕਾਇਤ ਕੀਤੀ ਸੀ, ਤੁਸੀਂ ਕਦੋਂ ਸ਼ਿਕਾਇਤ ਕੀਤੀ ਸੀ ਅਤੇ ਕੀ ਨਤੀਜਾ ਨਿਕਲਿਆ ਸੀ?**

ਕਿਰਪਾ ਕਰਕੇ ਸੰਖੇਪ ਵਿਚ ਦੱਸੋ ਅਤੇ ਕਿਸੇ ਵੀ ਤਰਾਂ ਦੇ ਸਬੰਧਿਤ ਪੱਤਰ-ਵਿਹਾਰ ਦੀਆਂ ਨਕਲਾਂ ਨਾਲ ਜੋੜੋ।

| |
|---|
| |

**18. ਕਿਰਪਾ ਕਰਕੇ ਆਪਣੀ ਸ਼ਿਕਾਇਤ ਦਾ ਵੇਰਵਾ ਦਿਓ।**

ਵਿਸਥਾਰ ਵਿੱਚ ਭ੍ਰਿਸ਼ਟ ਵਿਵਹਾਰ ਜਾਂ ਪੁਲਿਸ ਦੁਰਵਿਵਹਾਰ ਦਾ ਵਰਣਨ ਕਰੋ ਜਿਸ ਬਾਰੇ ਤੁਸੀਂ ਮੰਨਦੇ ਹੋ ਕਿ ਹੋਇਆ ਹੈ। ਇਸ ਵਿੱਚ ਸ਼ਾਮਲ ਲੋਕਾਂ ਦੇ ਨਾਮ, ਜੇ ਪਤਾ ਹਨ ਤਾਂ ਉਨ੍ਹਾਂ ਦੇ ਅਹੁਦੇ, ਅਤੇ ਸੰਸਥਾਵਾਂ ਵੀ ਲਿਖੋ।

**19. ਇਹ ਵਤੀਰਾ ਕਦੋਂ ਹੋਇਆ ਸੀ?**

ਜੇ ਤੁਸੀਂ ਸਹੀ ਸਮਾਂ ਜਾਂ ਤਾਰੀਖ਼ ਨਹੀਂ ਜਾਣਦੇ ਹੋ, ਤਾਂ ਕਿਰਪਾ ਕਰਕੇ ਅੰਦਾਜ਼ਨ ਲਿਖੋ ਉਦਾਹਰਣ ਵਜੋਂ ਜਨਵਰੀ 2013 । ਜੇਕਰ ਇਹ ਵਤੀਰਾ ਇਕ ਤੋਂ ਵੱਧ ਵਾਰ ਹੋਇਆ ਹੈ ਤਾਂ ਕਿਰਪਾ ਕਰਕੇ ਅੰਦਾਜ਼ੇ ਮੁਤਾਬਿਕ ਸਮੇਂ-ਸੀਮਾ ਦੀ ਸੂਚੀ ਬਣਾਓ।

**20. ਕੀ ਉਹ ਵਤੀਰਾ ਜਿਸਦੀ ਤੁਸੀਂ ਸ਼ਿਕਾਇਤ ਕਰ ਰਹੇ ਹੋ ਉਹ 12 ਮਹੀਨਿਆਂ ਤੋਂ ਪਹਿਲਾਂ ਵਾਪਰਿਆ ਸੀ?**

☐ ਹਾਂ **Q21 'ਤੇ ਜਾਓ** ☐ ਨਹੀਂ **Q 22' ਤੇ ਜਾਓ**

**21. ਕਿਰਪਾ ਕਰਕੇ ਦੱਸੋ ਕਿ ਤੁਸੀਂ ਇਸ ਸ਼ਿਕਾਇਤ ਨੂੰ IBAC ਕੋਲ ਜਲਦੀ ਕਿਉਂ ਨਹੀਂ ਕੀਤਾ?**

*ਖੁਦਮੁਖਤਿਆਰ ਵਿਆਪਕ-ਅਧਾਰਤ ਐਂਟੀ-ਕੁਰੱਪਸ਼ਨ ਐਕਟ (ਭ੍ਰਿਸ਼ਟਾਚਾਰ ਵਿਰੋਧੀ ਕਾਨੂੰਨ)* 2011 ਦੀ ਧਾਰਾ 67 (3) ਦੇ ਅਨੁਸਾਰ, ਤੁਹਾਨੂੰ ਸਪੱਸ਼ਟੀਕਰਨ ਦੇਣ ਦੀ ਜ਼ਰੂਰਤ ਹੈ ਕਿ ਕਥਿਤ ਵਿਵਹਾਰ ਦੇ 12 ਮਹੀਨਿਆਂ ਦੇ ਅੰਦਰ-ਅੰਦਰ IBAC ਨੂੰ ਸ਼ਿਕਾਇਤ ਕਿਉਂ ਨਹੀਂ ਕੀਤੀ ਗਈ।

ਅਸੀਂ ਸਮਝਦੇ ਹਾਂ ਕਿ IBAC ਨੂੰ ਸ਼ਿਕਾਇਤ ਕਰਨ ਵਿਚ ਦੇਰੀ ਦੇ ਕੋਈ ਕਾਰਨ ਰਹੇ ਹੋ ਸਕਦੇ ਹਨ। ਜੇ ਤੁਸੀਂ 12 ਮਹੀਨਿਆਂ ਤੋਂ ਵੱਧ ਹੋਈ ਦੇਰੀ ਦੀ ਵਿਆਖਿਆ ਕਰ ਸਕਦੇ ਹੋ ਤਾਂ ਇਹ ਤੁਹਾਡੀ ਸ਼ਿਕਾਇਤ ਦਾ ਮੁਲਾਂਕਣ ਕਰਨ ਵਿਚ ਸਾਡੀ ਮਦਦ ਕਰਦਾ ਹੈ।

**22. ਇਹ ਵਿਵਹਾਰ ਕਿੱਥੇ ਵਾਪਰਿਆ ਸੀ?**

ਉਪਨਗਰ/ਕਸਬੇ ਅਤੇ ਪਤਾ ਜਾਂ ਜੇ ਪਤਾ ਹੈ ਤਾਂ ਨਿਸ਼ਾਨੀ ਸਮੇਤ ਥਾਂ(ਵਾਂ) ਦੱਸੋ

ਉਦਾਹਰਣ ਵਜੋਂ: ਵੈਸਟ ਸਮਿੱਥਟਾਊਨ ਪੁਲਿਸ ਸਟੇਸ਼ਨ, 49 ਮੇਨ ਸਟ੍ਰੀਟ, ਸਮਿੱਥਟਾਊਨ।

**23. ਕੀ ਤੁਹਾਡੇ ਕੋਲ ਕੋਈ ਹੋਰ ਖਾਸ ਜਾਣਕਾਰੀ ਹੈ ਜੋ ਤੁਸੀਂ ਪ੍ਰਦਾਨ ਕਰਨਾ ਚਾਹੁੰਦੇ ਹੋ?**

ਉਦਾਹਰਣ ਲਈ: ਖਾਤਿਆਂ ਦੇ ਨੰਬਰ, ਬੈਜ ਨੰਬਰ, ਕਾਰ ਦਾ ਨੰਬਰ, ਆਦਿ।

**24. ਕੀ ਤੁਹਾਡੇ ਕੋਲ ਕੋਈ ਈਮੇਲ, ਫੋਟੋਆਂ, ਵੀਡੀਓ ਜਾਂ ਹੋਰ ਸਹਾਇਕ ਦਸਤਾਵੇਜ਼ ਹਨ?**

☐ ਹਾਂ ☐ ਨਹੀਂ

ਜੇ ਹਾਂ, ਤਾਂ ਨਕਲਾਂ ਨੱਥੀ ਕਰੋ ਜਾਂ ਨਾਲ ਲਗਾਓ (ਅਸਲ ਦਸਤਾਵੇਜ਼ ਨਾ ਦਿਓ)। ਜਾਂ ਫਿਰ ਜੇਕਰ ਤੁਸੀਂ ਸੰਪਰਕ ਵੇਰਵੇ ਪ੍ਰਦਾਨ ਕੀਤੇ ਹਨ, ਤਾਂ IBAC ਇਨ੍ਹਾਂ ਚੀਜ਼ਾਂ ਦੀ ਬੇਨਤੀ ਕਰਨ ਲਈ ਤੁਹਾਡੇ ਨਾਲ ਸੰਪਰਕ ਕਰ ਸਕਦੀ ਹੈ।

**25. ਜਿਸ ਵਿਵਹਾਰ ਬਾਰੇ ਤੁਸੀਂ ਸ਼ਿਕਾਇਤ ਕਰ ਰਹੇ ਹੋ ਉਸਦਾ ਕੀ ਪ੍ਰਭਾਵ ਹੋਇਆ?**

ਉਦਾਹਰਣ ਵਜੋਂ: ਸੱਟ, ਵਿੱਤੀ, ਨਿੱਜੀ ਜਾਂ ਪੇਸ਼ੇਵਰ ਨੁਕਸਾਨ।

**26. ਕੀ ਕੋਈ ਹੋਰ ਇਸ ਵਿਵਹਾਰ ਦਾ ਗਵਾਹ ਹੈ?**

☐ ਹਾਂ ☐ ਨਹੀਂ

**ਗਵਾਹ ਦੇ ਵੇਰਵੇ**

ਕਿਸੇ ਵੀ ਗਵਾਹਾਂ ਦੇ ਨਾਮ ਦੱਸੋ ਜਾਂ ਉਨ੍ਹਾਂ ਦਾ ਵਰਣਨ ਕਰੋ ਅਤੇ ਤੁਹਾਨੂੰ ਕੀ ਲੱਗਦਾ ਹੈ ਕਿ ਉਹ ਕੀ ਜਾਣਦੇ ਹਾਂ ਜਾਂ ਕੀ ਦੇਖਿਆ ਹੈ।

**27. ਕੀ ਤੁਸੀਂ ਇਸ ਸ਼ਿਕਾਇਤ ਨਾਲ ਸੰਬੰਧਿਤ ਆਪਣੀ ਨਿੱਜੀ ਸਥਿਤੀ ਬਾਰੇ ਸਾਨੂੰ ਕੁਝ ਦੱਸਣਾ ਚਾਹੁੰਦੇ ਹੋ?**

ਉਦਾਹਰਣ ਵਜੋਂ: ਬਦਲੇ, ਧੱਕੇਸ਼ਾਹੀ ਜਾਂ ਵਿਤਕਰਾ ਕੀਤੇ ਜਾਣ ਬਾਰੇ ਚਿੰਤਾਵਾਂ।

**28. ਇਹ ਸ਼ਿਕਾਇਤ ਦਾਖਲ ਕਰਕੇ ਕਿਹੜਾ ਨਤੀਜਾ ਆਉਣ ਦੀ ਭਾਲ ਕਰ ਰਹੇ ਹੋ?**

ਕਿਰਪਾ ਕਰਕੇ ਨੋਟ ਕਰੋ ਕਿ IBAC ਗੰਭੀਰ ਕਿਸਮ ਦੇ ਜਨਤਕ ਖੇਤਰ ਦੇ ਭ੍ਰਿਸ਼ਟਾਚਾਰ ਅਤੇ ਪੁਲਿਸ ਦੁਰਵਿਵਹਾਰ ਦੀ ਜਾਂਚ ਕਰਦਾ ਹੈ। ਅਸੀਂ ਮੁਆਵਜ਼ੇ 'ਤੇ ਵਿਚਾਰ ਜਾਂ ਅਵਾਰਡ ਨਹੀਂ ਦੇ ਸਕਦੇ, ਜਾਂ ਨਿਆਂਇਕ ਫੈਸਲੇ ਜਾਂ ਆਰਡਰ ਦੇ ਗੁਣਾਂ 'ਤੇ ਵਿਚਾਰ ਨਹੀਂ ਕਰ ਸਕਦੇ ਹਾਂ।

**29. ਜੇ ਤੁਸੀਂ ਪਹਿਲਾਂ ਹੀ ਇਸ ਮਾਮਲੇ ਬਾਰੇ IBAC ਨੂੰ ਸ਼ਿਕਾਇਤ ਕੀਤੀ ਹੋਈ ਹੈ, ਤਾਂ ਕਿਰਪਾ ਕਰਕੇ ਆਪਣੀ ਮੌਜੂਦਾ ਸ਼ਿਕਾਇਤ ਦੇ ਸੰਬੰਧ ਵਿੱਚ ਕੋਈ ਹੋਰ ਜਾਣਕਾਰੀ ਜੋ ਤੁਸੀਂ ਸ਼ਾਮਲ ਕਰਨਾ ਚਾਹੁੰਦੇ ਹੋ, ਉਹ ਸ਼ਾਮਲ ਕਰੋ।**

# ਮਹੱਤਵਪੂਰਣ ਜਾਣਕਾਰੀ

IBAC ਵਿਕਟੋਰੀਆ ਦੇ ਗੁਪਤਤਾ ਕਾਨੂੰਨ ਦੀ ਪਾਲਣਾ ਕਰਦਾ ਹੈ ਜਦੋਂ ਵਿਅਕਤੀਗਤ ਅਤੇ ਸਿਹਤ ਜਾਣਕਾਰੀ ਇਕੱਠੀ ਕਰਦੇ ਅਤੇ ਪ੍ਰਬੰਧਿਤ ਕਰਦਾ ਹੈ।

IBAC ਦੀ *Personal Health and Sensitive Information Statement* (ਨਿੱਜੀ ਸਿਹਤ ਅਤੇ ਸੰਵੇਦਨਸ਼ੀਲ ਜਾਣਕਾਰੀ ਬਿਆਨ) ਸਾਡੀ ਵੈੱਬਸਾਈਟ www.ibac.vic.gov.au'ਤੇ ਉਪਲਬਧ ਹੈ, ਜੋ ਇਸ ਬਾਰੇ ਵੇਰਵਾ ਦਿੰਦੀ ਹੈ ਕਿ IBAC ਨਿੱਜੀ ਜਾਣਕਾਰੀ ਨੂੰ ਕਿਵੇਂ ਇਕੱਤਰ ਕਰਦਾ ਹੈ, ਪ੍ਰਬੰਧਿਤ ਕਰਦਾ ਹੈ, ਅਤੇ ਇਸਦਾ ਖੁਲਾਸਾ ਕਰਦਾ ਹੈ। IBAC ਕਾਨੂੰਨੀ ਤੌਰ 'ਤੇ ਕੁਝ ਹਾਲਤਾਂ ਵਿੱਚ ਬਾਹਰੀ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਜਾਣਕਾਰੀ ਦਾ ਖੁਲਾਸਾ ਕਰਨ ਲਈ ਅਧਿਕਾਰਤ ਹੈ।

IBAC ਨੂੰ ਗਲਤ ਸ਼ਿਕਾਇਤ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣਾ ਇੱਕ ਜੁਰਮ ਹੈ। IBAC ਨੂੰ ਜਾਣ-ਬੁੱਝ ਕੇ ਗਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਪ੍ਰਦਾਨ ਕਰਨ ਦੇ ਨਤੀਜੇ ਵਜੋਂ ਅਪਰਾਧਿਕ ਮੁਕੱਦਮਾ ਚਲਾਇਆ ਜਾ ਸਕਦਾ ਹੈ।

IBAC ਕੇਵਲ ਤਾਂ ਹੀ ਤੁਹਾਡੇ ਨਾਲ ਸੰਪਰਕ ਕਰੇਗਾ ਜੇ ਵਧੇਰੇ ਜਾਣਕਾਰੀ ਦੀ ਲੋੜ ਹੋਵੇਗੀ। ਜੇ ਤੁਸੀਂ ਇਸ ਸ਼ਿਕਾਇਤ ਨੂੰ ਗੁੰਮਨਾਮ ਤੌਰ 'ਤੇ ਦੇਣਾ ਚਾਹੁੰਦੇ ਹੋ, ਤਾਂ ਅਸੀਂ ਤੁਹਾਡੇ ਨਾਲ ਸੰਪਰਕ ਨਹੀਂ ਕਰ ਸਕਾਂਗੇ ਅਤੇ ਤੁਹਾਨੂੰ ਆਪਣੀ ਸ਼ਿਕਾਇਤ ਦੇ ਨਤੀਜੇ 'ਤੇ ਕੋਈ ਵਾਪਸੀ ਸਲਾਹ (ਫੀਡਬੈਕ) ਨਹੀਂ ਮਿਲੇਗੀ।

# ਘੋਸ਼ਣਾ

☐ ਮੇਰੀ ਸਰਬੋਤਮ ਜਾਣਕਾਰੀ ਅਨੁਸਾਰ, ਇਸ ਸ਼ਿਕਾਇਤ ਵਿਚ ਦਿੱਤੀ ਗਈ ਜਾਣਕਾਰੀ ਸਹੀ ਹੈ।
☐ ਮੈਂ ਸਮਝਦਾ / ਸਮਝਦੀ ਹਾਂ ਕਿ IBAC ਨੂੰ ਗਲਤ ਜਾਂ ਗੁੰਮਰਾਹਕੁੰਨ ਜਾਣਕਾਰੀ ਦੇਣ ਲਈ ਜ਼ੁਰਮਾਨੇ ਹਨ।
☐ ਮੈਂ ਸਮਝਦਾ / ਸਮਝਦੀ ਹਾਂ ਕਿ ਇਸ ਫਾਰਮ ਬਾਰੇ ਜਾਣਕਾਰੀ ਕਿਸੇ ਹੋਰ ਏਜੰਸੀ ਜਾਂ ਸੰਸਥਾ ਨੂੰ ਦਿੱਤੀ ਜਾ ਸਕਦੀ ਹੈ।
☐ ਮੈਂ ਇਹ ਸ਼ਿਕਾਇਤ ਕਿਸੇ ਹੋਰ ਵਿਅਕਤੀ ਦੀ ਤਰਫੋਂ ਕਰ ਰਿਹਾ ਹਾਂ ਅਤੇ Appendix A (ਅੰਤਿਕਾ ਏ) ਨੂੰ ਭਰਿਆ ਗਿਆ ਹੈ।

| | |
|---|---|
| **ਨਾਮ** | |
| **ਤਾਰੀਖ਼** | |


Level 1, North Tower
459 Collins Street
Melbourne VIC 3000
GPO Box 24234
Melbourne VIC 3001

T 1300 735 135
F (03) 8635 6444


IBAC ਵਿਕਟੋਰੀਆ ਦੀ ਭ੍ਰਿਸ਼ਟਾਚਾਰ ਵਿਰੋਧੀ ਏਜੰਸੀ ਹੈ ਜੋ ਜਨਤਕ ਖੇਤਰ ਦੇ ਭ੍ਰਿਸ਼ਟਾਚਾਰ ਅਤੇ ਪੁਲਿਸ ਦੁਰਵਿਵਹਾਰ ਨੂੰ ਰੋਕਣ ਅਤੇ ਉਜਾਗਰ ਕਰਨ ਲਈ ਜ਼ਿੰਮੇਵਾਰ ਹੈ। ਅਸੀਂ ਇਹ ਇਸ ਤਰ੍ਹਾਂ ਕਰਦੇ ਹਾਂ:

- ਗੰਭੀਰ ਭ੍ਰਿਸ਼ਟਾਚਾਰ ਅਤੇ ਪੁਲਿਸ ਦੁਰਵਿਵਹਾਰ ਦੀ ਜਾਂਚ ਕਰਕੇ
- ਜਨਤਕ ਖੇਤਰ, ਪੁਲਿਸ ਅਤੇ ਭਾਈਚਾਰੇ ਨੂੰ ਖਤਰਿਆਂ ਬਾਰੇ ਜਾਣਕਾਰੀ ਦੇ ਕੇ ਅਤੇ
- ਭ੍ਰਿਸ਼ਟਾਚਾਰ ਅਤੇ ਪੁਲਿਸ ਦੁਰਾਚਾਰ ਦੇ ਪ੍ਰਭਾਵਾਂ, ਅਤੇ ਜਿੰਨ੍ਹਾਂ ਤਰੀਕਿਆਂ ਨਾਲ ਇਸਨੂੰ ਰੋਕਿਆ ਜਾ ਸਕਦਾ ਹੈ, ਬਾਰੇ ਜਾਣਕਾਰੀ ਦੇ ਕੇ।

**ਭ੍ਰਿਸ਼ਟਾਚਾਰ ਜਾਂ ਦੁਰਵਿਵਹਾਰ ਦੀ ਰਿਪੋਰਟ ਕਰਨ ਲਈ, 1300 735 135 'ਤੇ ਫ਼ੋਨ ਕਰੋ ਜਾਂ www.ibac.vic.gov.au'ਤੇ ਜਾਓ।**

ਇਹ ਫਾਰਮ 20 ਤੋਂ ਵੱਧ ਭਾਸ਼ਾਵਾਂ ਵਿਚ www.ibac.vic.gov.au/yourlanguage'ਤੇ ਉਪਲਬਧ ਹੈ। ਜੇ ਤੁਹਾਨੂੰ ਆਪਣੀ ਭਾਸ਼ਾ ਵਿਚ ਅਨੁਵਾਦ ਕਰਨ ਜਾਂ ਸਾਡੇ ਨਾਲ ਸੰਚਾਰ ਕਰਨ ਵਿਚ ਸਹਾਇਤਾ ਦੀ ਜ਼ਰੂਰਤ ਹੈ, ਤਾਂ ਅਨੁਵਾਦ ਅਤੇ ਦੁਭਾਸ਼ੀਆ ਸੇਵਾ ਨੂੰ 13 14 50 'ਤੇ ਫ਼ੋਨ ਕਰੋ।

# ਅੰਤਿਕਾ ਏ - ਅਥਾਰਟੀ ਟੂ ਐਕਟ (ਮੇਰੇ ਵੱਲੋਂ ਕਰਨ ਦਾ ਅਧਿਕਾਰ)

ਇਸ ਭਾਗ ਨੂੰ ਕੇਵਲ ਤਾਂ ਹੀ ਭਰੋ ਜੇ ਤੁਸੀਂ ਆਪਣੀ ਤਰਫੋਂ ਸ਼ਿਕਾਇਤ ਕਰਨ ਲਈ ਸਹਿਮਤੀ ਦੇ ਰਹੇ ਹੋ ਜਾਂ ਕਿਸੇ ਦੇ ਥਾਂਵੇਂ ਕੰਮ ਕਰ ਰਹੇ ਹੋ।

ਮੈਂ,

| (ਨਾਮ) |
|---|

ਦਾ

| (ਪਤਾ) |
|---|

ਇੱਥੇ ਇਹ ਅਧਿਕਾਰਤ ਕਰਦਾ ਹਾਂ

| (ਨਾਮ - ਵਿਅਕਤੀਗਤ / ਕਾਨੂੰਨੀ ਪ੍ਰਤੀਨਿਧੀ / ਸੰਗਠਨ) |
|---|

ਦਾ

| (ਪਤਾ) |
|---|

ਨੂੰ ਖੁਦਮੁਖਤਿਆਰ ਵਿਆਪਕ-ਅਧਾਰਤ ਭ੍ਰਿਸ਼ਟਾਚਾਰ-ਰੋਕੂ ਕਮਿਸ਼ਨ **(ਆਈ.ਬੀ.ਏ.ਸੀ.)** ਕੋਲ ਮੇਰੀ ਸ਼ਿਕਾਇਤ ਦੇ ਸੰਬੰਧ ਵਿਚ ਮੇਰੀ ਤਰਫੋਂ ਕਾਰਵਾਈ ਕਰਨ ਲਈ।

ਇਸ ਅਧਿਕਾਰ ਵਿੱਚ ਸ਼ਾਮਲ ਹਨ:

- ਮੇਰੀ ਤਰਫੋਂ ਦਸਤਾਵੇਜ਼ ਪ੍ਰਾਪਤ ਕਰਨਾ ਅਤੇ ਜਮ੍ਹਾਂ ਕਰਨਾ;
- ਮੇਰੀ ਸ਼ਿਕਾਇਤ ਨਾਲ ਸੰਬੰਧਿਤ ਨਿੱਜੀ ਜਾਣਕਾਰੀ ਪ੍ਰਾਪਤ ਕਰਨਾ ਅਤੇ ਪ੍ਰਦਾਨ ਕਰਨਾ; ਅਤੇ
- ਜ਼ੁਬਾਨੀ ਅਤੇ ਲਿਖਤੀ ਰੂਪ ਵਿੱਚ IBAC ਨਾਲ ਪੱਤਰ-ਵਿਹਾਰ ਜਾਂ ਸੰਚਾਰ ਕਰਨਾ।

ਮੇਰੇ ਵੱਲੋਂ ਕਰਨ ਦਾ ਅਧਿਕਾਰ (ਅਥਾਰਟੀ ਟੂ ਐਕਟ) ਇਸ ਸ਼ਿਕਾਇਤ ਤੱਕ ਹੀ ਸੀਮਿਤ ਹੈ ਅਤੇ ਜਦੋਂ ਤੱਕ ਇਸ ਸ਼ਿਕਾਇਤ ਨੂੰ IBAC ਦੁਆਰਾ ਵਿਚਾਰਿਆ ਜਾਂ ਜਾਂਚਿਆ ਜਾ ਰਿਹਾ ਹੈ ਤਦ ਤੱਕ ਲਾਗੂ ਰਹੇਗੀ, ਜਾਂ ਫਿਰ ਇਸਤੋਂ ਪਹਿਲਾਂ ਜਦੋਂ ਤੱਕ ਮੇਰੇ ਦੁਆਰਾ ਵਾਪਸ ਨਹੀਂ ਲੈ ਲਿਆ ਜਾਂਦਾ ਹੈ। ਮੈਂ ਸਮਝਦਾ / ਸਮਝਦੀ ਹਾਂ ਕਿ ਅਥਾਰਟੀ ਟੂ ਐਕਟ ਨੂੰ ਕਿਸੇ ਵੀ ਸਮੇਂ IBAC ਨੂੰ ਲਿਖਤੀ ਰੂਪ ਵਿਚ ਸੂਚਿਤ ਕਰਕੇ ਵਾਪਸ ਲਿਆ ਜਾ ਸਕਦਾ ਹੈ ਜਾਂ ਇਸ ਵਿਚ ਸੋਧ ਕੀਤੀ ਜਾ ਸਕਦੀ ਹੈ।

**ਦਸਤਖਤ** ______________________________ (ਦਸਤਖਤ ਲੋੜੀਂਦੇ ਹਨ)

| | |
|---|---|
| **ਨਾਮ** | |
| **ਤਾਰੀਖ਼** | |

**ਗੁਪਤਤਾ ਬਿਆਨ**

ਹਰੇਕ ਐਕਟ ਦੇ ਅੰਦਰਲੇ ਪ੍ਰਾਈਵੇਸੀ ਸਿਧਾਂਤਾਂ ਸਮੇਤ, *Privacy and Data Protection Act 2014* (ਪਰਾਈਵੇਸੀ ਅਤੇ ਡੇਟਾ ਪ੍ਰੋਟੈਕਸ਼ਨ ਐਕਟ 2014) ਅਤੇ *Health Records Act 2001* (ਹੈਲਥ ਰਿਕਾਰਡਜ਼ ਐਕਟ 2001) ਦੇ ਅਨੁਸਾਰ, IBAC ਨਿੱਜੀ ਜਾਣਕਾਰੀ ਦੀ ਦੁਰਵਰਤੋਂ, ਨੁਕਸਾਨ ਜਾਂ ਅਣਅਧਿਕਾਰਤ ਖੁਲਾਸੇ ਤੋਂ ਬਚਾਅ ਕਰਨ ਲਈ ਵਚਨਬੱਧ ਹੈ। IBAC ਦੀ ਗੁਪਤਤਾ ਨੀਤੀ ਬਾਰੇ ਵਧੇਰੇ ਜਾਣਕਾਰੀ ਲਈ www.ibac.vic.gov.au ਦੇਖੋ।

---

**ਕੇਵਲ ਦਫ਼ਤਰੀ ਵਰਤੋਂ ਲਈ**

| | |
|---|---|
| ਫਾਈਲ ਨੰਬਰ | |
| ਦੁਆਰਾ ਦਾਖ਼ਲ ਕੀਤਾ ਗਿਆ | |